# ਦੇਵਾ ਪਾਹਨ ਤਾਰੀਅਲੇ

## ਰਾਗੁ ਗਉੜੀ ਚੇਤੀ ਬਾਣੀ ਨਾਮਦੇਉ ਜੀਉ ਕੀ

## ੴ ਸਤਿ ਗੁਰ ਪ੍ਰਸਾਦਿ

ਇਹ ਸ਼ਬਦ ਭਗਤ ਨਾਮਦੇਵ ਜੀ ਦਾ ਉਚਾਰਣ ਕੀਤਾ ਹੋਇਆ ਹੈ ਅਤੇ ਰਾਗ ਗਉੜੀ ਚੇਤੀ ਵਿਚ, ਅੰਕ ੩੪੫ ਤੇ ਸੁਭਾਇਮਾਨ ਹੈ। ਸ਼ਬਦ ਦੇ ਸਿਰਲੇਖ ਤੋਂ ਉਪਰੰਤ, ਪ੍ਰਭੂ ਦੇ ਮੰਗਲ ਦੇ ਤੌਰ ਤੇ ਮੂਲ ਮੰਤਰ ਦਾ ਸੰਖਿਪਤ ਸਰੂਪ ਅੰਕਤ ਹੈ।

ਇਸ ਸ਼ਬਦ ਵਿਚ ਪ੍ਰਭੂ ਅਤੇ ਗੁਰ-ਜੋਤਿ ਨੂੰ ਇਕ ਜਾਣ ਕੇ ਪ੍ਰਭੂ/ਗੁਰ-ਜੋਤਿ ਦੀ ਅਤੇ ਹੋਰ ਸੰਤ ਜਨਾਂ ਦੀ ਮਹਿਮਾ ਗਾਈ ਗਈ ਹੈ। ਗੁਰ-ਜੋਤਿ ਦੇ ਸਮੇਂ-ਸਮੇਂ ਤੇ ਪਰਗਟ ਹੋਏ ਵਖ ਵਖ ਸਰੂਪਾਂ ਦੁਆਰਾ ਕੀਤੇ ਗਏ ਉਧਾਰ ਕਾਰਜਾਂ ਦਾ ਗੁਣਗਾਨ ਕੀਤਾ ਗਿਆ ਹੈ ਜਿਨ੍ਹਾਂ ਵਿਚ ਉਨ੍ਹਾਂ ਦੀ ਵਿਸ਼ਾਲਤਾ, ਭਗਤ ਵਛਲਤਾ ਅਤੇ ਤੁਠ ਪੈਣਾ, ਆਦਿ ਗੁਣ ਸ਼ਾਮਲ ਹਨ। ਇਨ੍ਹਾਂ ਕਰਕੇ ਹੀ ਹਰ ਜੁਗ ਵਿਚ ਉਨ੍ਹਾਂ ਨੂੰ ਤਾਰਣਹਾਰ ਕਰ ਕੇ ਜਾਣਿਆ ਜਾਂਦਾ ਰਿਹਾ ਹੈ ਅਤੇ ਨਾਲ ਹੀ ਉਹ ਸਭ ਤਾਰੇ ਗਏ ਭਗਤ ਜਨਾਂ ਦੇ ਨਾਂ ਵੀ ਸਦਾ ਲਈ ਅਮਰ ਤਾਂ ਹੋ ਹੀ ਗਏ, ਨਾਲ ਹੀ ਮਨੁਖਤਾ ਲਈ ਮਿਸਾਲਾਂ ਵੀ ਬਣ ਗਏ।

ਇਕ ਅਸਲੀਅਤ ਹੋਰ ਸਮਝਣੀ ਜ਼ਰੂਰੀ ਹੈ ਕਿ ਇਨ੍ਹਾਂ ਸਖਸ਼ੀਅਤਾਂ ਦੇ ਉਧਾਰ ਦੀਆਂ ਸਾਖੀਆਂ ਕੋਈ ਚਿੜੀਆਂ ਕਾਵਾਂ ਤੋਤਿਆਂ ਦੀਆਂ ਕਹਾਣੀਆਂ ਨਹੀਂ ਜੋ ਬਾਲਕਾਂ ਨੂੰ ਸੁਣਾਈਆਂ ਜਾਣ। ਸਚ ਦੀ ਸਿਖਿਆ ਸਚ ਤੇ ਹੀ ਅਧਾਰਤ ਹੋ ਸਕਦੀ ਹੈ। ਗੁਰਬਾਣੀ ਮਹਾਂਪੁਰਖਾਂ ਦੀ ਉਚਾਰਣ ਕੀਤੀ ਹੋਈ ਹੈ ਅਤੇ ਜੋ ਲਿਖਿਆ ਹੈ ਉਹ ਸਾਖ਼ਸ਼ਾਤ ਵੇਖਿਆ ਹੋਇਆ ਲਿਖਿਆ ਹੈ, ਜਿਵੇਂ ਸ੍ਰੀ ਗੁਰੂ ਅਰਜਨ ਸਾਹਿਬ ਦਾ ਫ਼ੁਰਮਾਣ ਹੈ ਕਿ ਸੰਤ ਜਨ ਉਹ ਆਖਦੇ ਹਨ ਜੋ ਆਪਣੀਆਂ ਅਖਾਂ ਨਾਲ ਵੇਖਦੇ ਹਨ, ਇਸ ਕਰਕੇ ਸਾਨੂੰ ਉਸ ਨੂੰ ਸਾਖੀ ਮੰਨਣਾ ਬਣਦਾ ਹੈ - 'ਸੰਤਨ ਕੀ ਸੁਣਿ ਸਾਚੀ ਸਾਖੀ॥ ਸੋ ਬੋਲਹਿ ਜੋ ਪੇਖਹਿ ਆਖੀ॥', ਅੰਕ ੮੯੪.

### ਦੇਵਾ ਪਾਹਨ ਤਾਰੀਅਲੇ ॥
### ਰਾਮ ਕਹਤ ਜਨ ਕਸ ਨ ਤਰੇ ॥੧॥ ਰਹਾਉ ॥

**ਅਰਥ :** ਹੇ ਦੇਵਾ, ਪੂਜਯ, ਦਾਤੇ ! ਤੇਰਾ ਨਾਂ ਲਿਖਿਆ ਹੋਣ ਕਰ ਕੇ, ਤੂੰ ਤਾਂ ਪਥਰ ਵੀ ਪਾਣੀ ਵਿਚ ਤਾਰ ਦਿਤੇ।

ਇਹ ਉਸ ਸਾਖੀ ਦਾ ਹਵਾਲਾ ਹੈ ਜਦੋਂ ਵਕਤ ਦੇ ਗੁਰ-ਜੋਤਿ ਸਰੂਪ, ਸ੍ਰੀ ਰਾਮ ਚੰਦਰ ਜੀ ਨੇ ਸਮੁੰਦਰ ਤੇ ਪੁਲ ਬੰਨ੍ਹਣ ਲਈ ਉਹ ਸਭ ਪਥਰ ਵੀ ਸਮੁੰਦਰ ਤੇ ਤਾਰ ਦਿਤੇ ਸਨ ਜਿਨ੍ਹਾਂ ਤੇ 'ਰਾਮ' ਦਾ ਨਾਂ ਲਿਖਿਆ ਹੋਇਆ ਸੀ। ਸ੍ਰੀ ਗੁਰੂ ਨਾਨਕ ਸਾਹਿਬ ਨੇ ਇਸ ਘਟਨਾ ਦੀ ਗਵਾਹੀ ਦੋ ਵੇਰ ਭਰੀ ਹੈ ਕਿ ਗੁਰਮੁਖ ਸ੍ਰੀ ਰਾਮ ਚੰਦਰ ਜੀ ਨੇ ਸਾਗਰ ਤੇ ਪਥਰ ਵੀ ਤਾਰ ਦਿਤੇ, ਇਸੇ ਤਰ੍ਹਾਂ ਰਾਮ ਨਾਮ ਜਪਣ ਵਾਲੇ ਤੇਤੀ ਕਰੋੜਾਂ ਦਾ ਉਸ ਗੁਰਮੁਖ ਨੇ ਪਾਰ ਉਤਾਰਾ ਕਰ ਦਿਤਾ - 'ਗੁਰਮੁਖਿ ਸਾਇਰਿ ਪਾਹਣ ਤਾਰੇ॥ ਗੁਰਮੁਖਿ ਕੋਟਿ ਤੇਤੀਸ ਉਧਾਰੇ॥', ਅੰਕ ੯੪੨ ਅਤੇ 'ਗੁਰਮਤਿ ਸਾਇਰਿ ਪਾਹਣ ਤਾਰੇ॥', ਅੰਕ ੧੦੪੧. ਭਗਤ ਨਾਮਦੇਵ ਜੀ ਨੇ ਅੰਕ ੬੫੭ ਤੇ ਵੀ, ਵਕਤ ਦੇ ਗੁਰ-ਜੋਤਿ ਸਰੂਪ ਨੂੰ 'ਸੁਆਮੀ' ਕਹਿੰਦੇ ਹੋਏ ਅੰਕਤ ਕੀਤਾ ਹੈ ਕਿ ਵਾਹਿਗੁਰੂ ਰੂਪ ਉਸ ਕਾਰੀਗਰ ਦੇ ਗੁਣ ਹਨ ਕਿ ਉਸ ਨੇ ਸਮੁੰਦਰ ਬੰਨ੍ਹ ਦਿਤਾ, ਧ੍ਰੂ ਨੂੰ ਅਟਲ

ਪਦਵੀ ਬਖ਼ਸ਼ੀ। ਨਾਲ ਹੀ ਨਾਮਦੇਵ ਦੇ ਉਸ ਸੁਆਮੀ ਨੇ ਸੀਤਾ ਛੁੜਾ ਕੇ ਲੈ ਆਂਦੀ ਅਤੇ ਲੰਕਾ ਦਾ ਰਾਜ ਭਭੀਖਣ ਨੂੰ ਸੌਂਪਿਆ - 'ਬੇਢੀ ਕੇ ਗੁਣ ਸੁਨਿ ਰੀ ਬਾਈ ਜਲਧਿ ਬਾਂਧਿ ਧ੍ਰੂ ਥਾਪਿਓ ਹੋ॥ ਨਾਮੇ ਕੇ ਸੁਆਮੀ ਸੀਅ ਬਹੋਰੀ ਲੰਕ ਭਭੀਖਣ ਆਪਿਓ ਹੋ॥' ਇਹ ਸਾਰੀ ਉਪਮਾ ਪ੍ਰਭੂ/ਗੁਰ-ਜੋਤਿ ਦੀ, ਦੋਹਾਂ ਨੂੰ ਇਕ ਰੂਪ ਜਾਣ ਕੇ ਹੈ। ਦੋਹਾਂ ਨੂੰ ਵਖ ਵਖ ਕਰ ਕੇ ਵੇਖਣਾ ਵਡੀ ਭੁਲ ਹੈ। ਇਸੇ ਤਰ੍ਹਾਂ ਕਲਿਜੁਗ ਵਿਚ ਦਸ ਪਾਤਸ਼ਾਹ ਨੂੰ ਇਕ ਰੂਪ ਜਾਣ ਕੇ, ਸਿਖਾਂ ਨੇ ਪਾਰਬ੍ਰਹਮ ਜਾਣ ਕੇ ਹੀ ਨਮਸਕਾਰ ਕੀਤੀ - '**ਸਿਖੀ ਅਤੈ ਸੰਗਤੀ ਪਾਰਬ੍ਰਹਮੁ ਕਰਿ ਨਮਸਕਾਰਿਆ॥**', ਅੰਕ ੯੬੮, ਅਤੇ ਨਾਰਾਇਣ ਕਿਹਾ।

**ਅਰਥ : ਜਿਸ ਦਾ ਨਾਂ 'ਰਾਮ' ਲਿਖਣ ਨਾਲ ਪਥਰ ਵੀ ਤਰ ਗਏ ਉਸ ਦਾ ਨਾਂ 'ਰਾਮ' ਲੈਣ, ਜਪਣ ਵਾਲੇ ਜਨ ਕਿਉਂ ਨਾ ਤਰਣਗੇ !੧।ਰਹਾਉ।**

ਭਗਤ ਨਾਮਦੇਵ ਜੀ ਦੇ ਬਚਨ ਹਨ ਕਿ ਅਜਿਹਾ ਕੋਈ ਨਹੀਂ ਜਿਸ ਨੇ ਗੁਰੂ ਤੋਂ ਉਪਦੇਸ਼ (ਗੁਰਮੰਤਰ) ਲੈ ਕੇ 'ਰਾਜਾ ਰਾਮ' ਦਾ ਨਾਮ ਜਪਿਆ ਹੋਵੇ ਤੇ ਤਰਿਆ ਨਾ ਹੋਵੇ। ਉਹ ਸਭ, ਜਿਨ੍ਹਾਂ ਨੇ ਗੁਰ ਤੋਂ ਲਏ ਮੰਤਰ ਦੀ ਅਰਾਧਨਾ ਅਤੇ ਸਾਧੂ ਦੀ ਸੰਗਤਿ ਕੀਤੀ ਉਨ੍ਹਾਂ ਦਾ ਨਾਂ ਭਗਤ ਪੈ ਗਿਆ - 'ਰਾਜਾ ਰਾਮ ਜਪਤ ਕੋ ਕੋ ਨ ਤਰਿਓ॥ ਗੁਰ ਉਪਦੇਸਿ ਸਾਧ ਕੀ ਸੰਗਤਿ ਭਗਤੁ ਭਗਤੁ ਤਾ ਕੋ ਨਾਮੁ ਪਰਿਓ॥', ਅੰਕ ੧੧੦੫. ਹਮੇਸ਼ਾਂ ਚੇਤੇ ਰਹੇ ਕਿ 'ਰਾਜਾ ਰਾਮ' ਵਕਤ ਦੇ ਗੁਰ-ਜੋਤਿ ਅਤੇ ਅਕਾਲ ਪੁਰਖ ਦਾ ਸਾਂਝਾ ਨਾਂ ਹੈ।

ਇਸ ਤੋਂ ਅਗੇ, ਉਨ੍ਹਾਂ ਸਖ਼ਸ਼ੀਅਤਾਂ ਦੀਆਂ ਮਿਸਾਲਾਂ ਦਿਤੀਆਂ ਹਨ ਜਿਨ੍ਹਾਂ ਨੇ ਕਿਸੇ ਨਾ ਕਿਸੇ ਮਹਾਂਪੁਰਖ ਦਾ ਬਚਨ ਮੰਨ ਕੇ 'ਰਾਮ' ਪ੍ਰਭੂ ਦੇ ਨਾਮ ਦਾ ਜਾਪ, ਸਿਮਰਨ ਕੀਤਾ ਅਤੇ ਉਨ੍ਹਾਂ ਤੇ ਕਿਰਪਾ ਹੁੰਦੀ ਰਹੀ।

**ਤਾਰੀਲੇ ਗਨਿਕਾ ਬਿਨੁ ਰੂਪ ਕੁਬਿਜਾ ਬਿਆਧਿ ਅਜਾਮਲੁ ਤਾਰੀਅਲੇ ॥**

**ਅਰਥ :** ਗਨਿਕਾ ਇਕ ਮੰਦ ਕਰਮੀ ਵੇਸਵਾ ਸੀ, ਜਿਸ ਨੇ ਇਕ **ਮਹਾਤਮਾ ਦੇ ਬਚਨ** ਮੰਨ ਕੇ ਉਨ੍ਹਾਂ ਦੇ ਦਿਤੇ ਤੋਤੇ ਨੂੰ '**ਰਾਮ ਰਾਮ..**' ਦਾ ਰੱਟਾ ਲਵਾਇਆ ਅਤੇ ਇਸ ਤਰ੍ਹਾਂ ਰੱਟਾ ਲਗਾਉਂਦੀ ਦਾ ਉਧਾਰ ਹੋ ਗਿਆ। ਰੂਪਹੀਨ ਕੁਬਿਜਾ, ਕੰਸ ਦੀ ਇਕ ਗੋਲੀ, ਦਾ ਕੋਝਾਪਨ ਅਤੇ ਉਸ ਦਾ ਪਿਠ ਤੇ ਨਿਕਲਿਆ ਕੁੱਬ, ਸਮੇਂ ਦੇ ਗੁਰ-ਜੋਤਿ ਸਰੂਪ, ਸ੍ਰੀ ਕ੍ਰਿਸ਼ਨ ਜੀ ਨੇ ਦੂਰ ਕਰ ਦਿਤਾ। ਵਿਕਾਰਾਂ ਵਿਚ ਫ਼ਸੇ ਹੋਏ ਸ਼ਿਕਾਰੀ ਅਜਾਮਲ ਨੂੰ ਵੀ ਤਾਰ ਦਿਤਾ।

ਕੁਬਿਜਾ ਨੇ ਸ੍ਰੀ ਕ੍ਰਿਸ਼ਨ ਜੀ ਤੇ ਮੋਹਿਤ ਹੋ ਕੇ ਕੰਸ ਵਾਲਾ ਇਤਰ ਅਤੇ ਕੇਸਰ ਚੰਦਨ ਦਾ ਲੇਪ, ਭਗਵਾਨ ਜੀ ਨੂੰ ਲਗਾ ਦਿਤੇ ਅਤੇ ਮੌਤ ਦੀ ਪਰਵਾਹ ਨਾ ਕੀਤੀ। ਮਹਾਰਾਜ ਨੇ ਖ਼ੁਸ਼ ਹੋ ਕੇ ਗਨਿਕਾ ਦਾ ਦੁਖ ਹਰ ਲਿਆ ਅਤੇ ਉਸ ਦਾ ਉਧਾਰ ਵੀ ਕਰ ਦਿਤਾ।

ਬਿਆਧ ਜਾਂ ਫੰਧਿਕ, ਇਕ ਸ਼ਿਕਾਰੀ ਸੀ ਜੋ ਪੰਛੀਆਂ ਦਾ ਸ਼ਿਕਾਰ ਕਰਦਾ ਸੀ। ਇਕ **ਸਾਧੂ**, ਚੰਦ੍ਰਕਮੁਨੀ ਨੇ ਚਤੁਰਭੁਜ ਪੰਛੀ ਦੇ ਸ਼ਿਕਾਰ ਕਰਣ ਦੀ ਚੁਣੌਤੀ ਦੇ ਦਿਤੀ, ਜੋ ਅਸਲ ਵਿਚ ਨਾਰਾਇਣ ਵਲ ਇਸ਼ਾਰਾ ਸੀ। ਅਜਿਹਾ ਪੰਛੀ ਕਿਥੇ ਲਭਣਾ ਸੀ ! ਘਰ ਵਾਲੀ ਸਮੇਤ ਕਈਆਂ ਨੇ ਵਰਜਿਆ ਤੇ ਕਿਹਾ ਕਿ ਅਜਿਹਾ ਪੰਛੀ ਨਹੀਂ ਹੁੰਦਾ। ਪਰ ਉਸਦੇ ਮਨ ਵਿਚ ਇਹ ਧੁਨ ਲਗ ਗਈ ਕਿ ਸਾਧੂ ਝੂਠ ਨਹੀਂ ਬੋਲਦੇ। ਇਸ ਵਿਸ਼ਵਾਸ ਦੇ ਨਾਲ ਚਤੁਰਭੁਜ ਨੂੰ **ਯਾਦ ਕਰਦਾ ਕਰਦਾ**, ਚਤੁਰਭੁਜ ਸਰੂਪ ਨਾਲ ਉਸ ਦੀ ਬਿਰਤੀ ਜੁੜ ਗਈ। ਉਸ ਦੀ ਭਗਤੀ ਦੇ ਵਸ ਹੋ, ਨਾਰਾਇਣ ਜੀ ਚਤੁਰਭੁਜ ਪੰਛੀ ਦਾ ਰੂਪ ਧਾਰ ਕੇ ਉਸ ਦੇ ਜਾਲ ਵਿਚ ਆਣ ਫ਼ਸੇ।

ਸਾਧੂ ਜਨਾਂ ਕੋਲ, ਉਹ ਪੰਛੀ ਲਿਜਾਣ ਤੇ ਸਚਾਈ ਸਮਝ ਆਈ ਤੇ ਭਗਤ ਬਣ ਗਿਆ।
ਸ੍ਰੀ ਗੁਰੂ ਅਰਜਨ ਸਾਹਿਬ ਨੇ ਸਪੱਸ਼ਟ ਫ਼ੁਰਮਾਣ ਕੀਤਾ ਹੈ ਕਿ **ਸਾਧੂ** ਦੇ ਬਚਨ ਮੰਨਦੀ ਹੋਈ ਗਨਿਕਾ ਤੋਤੇ ਨੂੰ ਹਰੀ ਦਾ ਨਾਮ **ਸਿਮਰਨ** ਕਰਵਾਉਂਦੀ ਦਾ ਆਪਣਾ ਵੀ ਉਧਾਰ ਹੋ ਗਿਆ - 'ਗਨਿਕਾ ਉਧਰੀ ਹਰਿ ਕਹੈ ਤੋਤ।।', ਅੰਕ ੧੧੯੨.
ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਫ਼ੁਰਮਾਣ ਕਰਦੇ ਹਨ ਕਿ ਅਜਾਮਲ ਤੇ ਗਨਿਕਾ ਸਿਮਰਨ ਕਰ ਕੇ ਉਧਰ ਗਏ - 'ਅਜਾਮਲੁ ਗਨਿਕਾ ਜਿਹ ਸਿਮਰਤ ਮੁਕਤ ਭਏ ਜੀਅ ਜਾਨੋ॥', ਅੰਕ ੮੩੦. ਅਤੇ ਹੋਰ ਵੀ ਗਵਾਹੀ ਭਰੀ - 'ਹਰਿ ਕੋ ਨਾਮੁ ਸਦਾ ਸੁਖਦਾਈ॥ ਜਾ ਕਉ ਸਿਮਰਿ ਅਜਾਮਲੁ ਉਧਰਿਓ ਗਨਿਕਾ ਹੂ ਗਤਿ ਪਾਈ॥', ਅੰਕ ੧੦੦੮.
ਨੌਵੇਂ ਪਾਤਸ਼ਾਹ, ਅੰਕ ੬੩੨ ਤੇ ਸਮਝਾਉਂਦੇ ਹਨ ਕਿ ਅਜਾਮਲ ਬਾਰੇ ਸਾਰਾ ਜਗ ਜਾਣਦਾ ਸੀ ਕਿ ਉਹ ਪਾਪੀ ਸੀ, ਵੇਸਵਾ ਨਾਲ ਵਿਆਹ ਕੀਤਾ ਸੀ ਅਤੇ ਡਾਕੇ ਮਾਰਦਾ ਸੀ। ਇਕ ਸਾਧੂ ਦੇ ਬਚਨ ਕਰਣ ਤੇ ਉਸ ਨੇ, ਆਪਣੇ ਪੁਤਰ ਦਾ ਨਾਂ 'ਨਾਰਾਇਣ' ਰਖ ਲਿਆ। ਸਾਧੂ ਦੇ ਬਚਨ ਅਤੇ **ਨਾਰਾਇਣ** ਦਾ ਸਿਮਰਨ ਹਮੇਸ਼ਾਂ ਸੁਖਦਾਈ ਅਤੇ ਫ਼ਲਦਾਈ ਹੁੰਦੇ ਹਨ। ਅੰਤ ਕਾਲ, ਉਸ ਨੂੰ ਬੁਲਾਉਂਦੇ ਦੀ ਲਿਵ ਲਗ ਗਈ ਤੇ ਪਰਮ ਗਤੀ ਨੂੰ ਪ੍ਰਾਪਤ ਹੋਇਆ - 'ਅਜਾਮਲੁ ਪਾਪੀ ਜਗੁ ਜਾਨੇ ਨਿਮਖ ਮਾਹਿ ਨਿਸਤਾਰਾ॥ ਨਾਨਕ ਕਹਤ ਚੇਤ ਚਿੰਤਾਮਨਿ ਤੈ ਭੀ ਉਤਰਹਿ ਪਾਰਾ॥' ਪਾਤਸ਼ਾਹ ਦੇ ਬਚਨ ਹਨ ਕਿ ਜੋ ਵੀ ਮਨੁਖ ਉਸ, ਮਨ ਬਾਂਚਤ ਫ਼ਲ ਦੇਣ ਵਾਲੇ ਪ੍ਰਭੂ ਨੂੰ ਸਿਮਰ ਲੈਂਦਾ ਹੈ ਉਹ ਪਾਰ ਹੋ ਜਾਂਦਾ ਹੈ, ਇਸ ਲਈ ਹੇ ਮੇਰੇ ਮਨ ! ਤੂੰ ਵੀ ਜਪ।
ਭਗਤ ਕਬੀਰ ਜੀ ਨੇ, ਅੰਕ ੬੯੨ ਤੇ, ਇੰਵ ਗਵਾਹੀ ਭਰੀ ਹੈ ਕਿ ਅਜਾਮਲ, ਹਾਥੀ ਤੇ ਗਨਿਕਾ ਨੇ 'ਰਾਮ' ਨਾਮ ਦਾ ਜਾਪ ਕੀਤਾ, ਫ਼ਲਸਰੂਪ, ਮੰਦ ਕਰਮੀ ਰਹੇ ਹੋਣ ਦੇ ਬਾਵਜੂਦ ਉਨ੍ਹਾਂ ਦਾ ਪਾਰ ਉਤਾਰਾ ਹੋ ਗਿਆ - 'ਅਜਾਮਲ ਗਜ ਗਨਿਕਾ ਪਤਿਤ ਕਰਮ ਕੀਨੇ॥ ਤੇਊ ਉਤਰਿ ਪਾਰਿ ਪਰੇ ਰਾਮ ਨਾਮ ਲੀਨੇ॥'

**ਚਰਨ ਬਧਿਕ ਜਨ ਤੇਊ ਮੁਕਤਿ ਭਏ ॥**
**ਹਉ ਬਲਿ ਬਲਿ ਜਿਨ ਰਾਮ ਕਹੇ ॥੧॥**

**ਅਰਥ :** ਸ੍ਰੀ ਕ੍ਰਿਸ਼ਨ ਜੀ ਦੇ ਚਰਨਾਂ ਵਿਚ ਪਦਮ ਸੀ ਜੋ ਤ੍ਰਿਕਾਲਾਂ ਵੇਲੇ ਚਮਕ ਰਿਹਾ ਸੀ। ਸ਼ਿਕਾਰੀ ਬਧਿਕ ਨੇ ਹਿਰਨ ਦੀ ਅਖ ਸਮਝ ਕੇ ਤੀਰ ਮਾਰਿਆ। ਸ੍ਰੀ ਕ੍ਰਿਸ਼ਨ ਜੀ ਨੇ ਕਿਰਪਾ ਕਰ ਦਿਤੀ ਤਾਂ ਉਸ ਨੂੰ ਵੀ ਮੁਕਤੀ ਦੀ ਦਾਤ ਪ੍ਰਾਪਤ ਹੋਈ।
ਸ੍ਰੀ ਗੁਰੂ ਅਰਜਨ ਦੇਵ ਸਾਹਿਬ ਦੇ ਵੀ ਬਚਨ ਹਨ ਕਿ ਸ੍ਰੀ ਕ੍ਰਿਸ਼ਨ ਜੀ ਨੂੰ ਤੀਰ ਮਾਰਨ ਵਾਲੇ ਬਧਿਕ ਸ਼ਿਕਾਰੀ ਦਾ ਵੀ, ਸ੍ਰੀ ਕ੍ਰਿਸ਼ਨ ਜੀ ਨੇ ਉਧਾਰ ਕਰ ਦਿਤਾ - 'ਬਧਿਕੁ ਉਧਾਰਿਓ ਖਮਿ ਪ੍ਰਹਾਰ॥', ਅੰਕ ੧੧੯੨.

**ਅਰਥ : ਭਗਤ ਨਾਮਦੇਵ ਜੀ ਉਨ੍ਹਾਂ ਤੋਂ ਕੁਰਬਾਨ ਜਾਂਦੇ ਹਨ, ਕੁਰਬਾਨ ਜਾਂਦੇ ਹਨ ਜਿਨ੍ਹਾਂ ਨੇ ਵੀ 'ਰਾਮ' ਕਿਹਾ, ਜਪਿਆ।੧।**
ਸ੍ਰੀ ਗੁਰੂ ਨਾਨਕ ਸਾਹਿਬ ਦਾ ਫ਼ੁਰਮਾਣ ਹੈ ਕਿ ਜੋ ਮਨੁਖ ਪ੍ਰਭੂ ਦਾ ਨਾਂ ਲੈਂਦੇ, ਜਪਦੇ ਹਨ, ਉਹ ਉਨ੍ਹਾਂ ਤੋਂ ਕੁਰਬਾਨ ਜਾਂਦੇ ਹਨ, ਸਦਾ ਕੁਰਬਾਨ ਜਾਂਦੇ ਹਨ। ਇਹ ਬਚਨ ਉਨ੍ਹਾਂ ਨੇ ਜ਼ੋਰ ਦੇ ਕੇ ਉਚਾਰੇ ਹਨ - 'ਹੰਉ ਕੁਰਬਾਨੈ ਜਾਉ ਤਿਨਾ ਕੈ ਲੈਨਿ ਜੋ ਤੇਰਾ ਨਾਉ॥ ਲੈਨਿ ਜੋ ਤੇਰਾ ਨਾਉ ਤਿਨਾ ਕੈ ਹੰਉ ਸਦ ਕੁਰਬਾਨੈ ਜਾਉ॥', ਅੰਕ ੭੨੨. ਅਜਿਹੇ ਬਚਨ ਭਗਤ ਕਬੀਰ ਜੀ ਨੇ

ਵੀ ਕੀਤੇ ਹਨ ਕਿ ਜੋ ਜਨ, ਮਨੁਖ ਵੀ ਖਸਮ ਪ੍ਰਭੂ ਦਾ ਨਾਂ ਲੈਂਦੇ, ਜਪਦੇ ਹਨ, ਉਹ ਉਨ੍ਹਾਂ ਤੋਂ ਸਦਾ ਬਲਿਹਾਰ ਜਾਂਦੇ ਹਨ - 'ਜੋ ਜਨ ਲੇਹਿ ਖਸਮ ਕਾ ਨਾਉ॥ ਤਿਨ ਕੈ ਸਦ ਬਲਿਹਾਰੈ ਜਾਉ॥', ਅੰਕ ੩੨੮.

**ਦਾਸੀ ਸੁਤ ਜਨੁ ਬਿਦਰੁ ਸੁਦਾਮਾ ਉਗ੍ਰਸੈਨ ਕਉ ਰਾਜ ਦੀਏ ॥**

**ਅਰਥ :** ਦਾਸੀ ਦਾ ਪੁਤਰ ਬਿਦਰ, ਸੁਦਾਮਾ ਅਤੇ ਉਗ੍ਰਸੈਣ, ਜੋ ਸ੍ਰੀ ਕ੍ਰਿਸ਼ਨ ਜੀ ਦੇ ਭਗਤ ਜਨ ਸਨ, ਮਹਾਰਾਜ ਸ੍ਰੀ ਕ੍ਰਿਸ਼ਨ ਜੀ ਨੇ ਉਨ੍ਹਾਂ ਦਾ ਉਧਾਰ ਕੀਤਾ ਅਤੇ ਉਗ੍ਰਸੈਣ ਨੂੰ ਉਸਦਾ ਬਣਦਾ ਰਾਜ ਵੀ, ਕੰਸ ਤੋਂ ਖੋਹ ਕੇ ਸੌਂਪਿਆ। ਇਹ ਤਿਨੋਂ ਸ੍ਰੀ ਕ੍ਰਿਸ਼ਨ ਜੀ ਦਾ ਨਾਮ ਜਪਦੇ ਸਨ।

ਸ੍ਰੀ ਗੁਰੂ ਰਾਮਦਾਸ ਸਾਹਿਬ ਦੇ ਵਾਰ ਵਾਰ ਫ਼ੁਰਮਾਣ ਹਨ ਕਿ ਭਾਵੇਂ ਕੋਈ ਨੀਚ ਜਾਤਿ ਦਾ ਹੋਵੇ, ਜੋ ਵੀ ਹਰੀ ਪ੍ਰਭੂ ਦਾ ਨਾਮ ਜਪਦੇ ਹਨ, ਉਨ੍ਹਾਂ ਨੂੰ ਉਤਮ ਪਦਵੀ ਦੀ ਪ੍ਰਾਪਤੀ ਹੁੰਦੀ ਹੈ, ਜਿਵੇਂ ਸ੍ਰੀ ਕ੍ਰਿਸ਼ਨ ਜੀ ਦਾ ਨਾਮ ਜਪਣ ਤੇ, ਦਾਸੀ ਪੁਤਰ ਬਿਦਰ ਜੀ ਦੇ ਘਰ, ਵਕਤ ਦੇ ਗੁਰ-ਜੋਤਿ ਭਗਵਾਨ ਸ੍ਰੀ ਕ੍ਰਿਸ਼ਨ ਜੀ ਨੇ ਉਤਾਰਾ ਕੀਤਾ - 'ਨੀਚ ਜਾਤਿ ਹਰਿ ਜਪਤਿਆ ਉਤਮ ਪਦਵੀ ਪਾਇ॥ ਪੂਛਹੁ ਬਿਦਰ ਦਾਸੀ ਸੁਤੈ ਕਿਸਨੁ ਉਤਰਿਆ ਘਰਿ ਜਿਸੁ ਆਇ॥', ਅੰਕ ੭੩੩. ਸੁਦਾਮਾ ਬਾਰੇ ਵੀ ਬਚਨ ਕਰਦੇ ਹਨ ਕਿ ਉਸ ਨੇ ਵੀ ਸ੍ਰੀ ਕ੍ਰਿਸ਼ਨ ਜੀ ਦੀ ਭਗਤੀ ਭਾਵਨਾ ਕੀਤੀ, ਭਗਵਾਨ ਜੀ ਨੇ ਉਸ ਦਾ ਵੀ, ਮਿਲ ਕੇ, ਦਲਿਦਰ ਦੂਰ ਕੀਤਾ ਅਤੇ ਤਾਰ ਦਿਤਾ - 'ਦਾਲਦੁ ਭੰਜਿ ਸੁਦਾਮੇ ਮਿਲਿਓ ਭਗਤੀ ਭਾਇ ਤਰੇ॥', ਅੰਕ ੯੯੫. ਦੋਹਾਂ ਬਾਰੇ ਮੁੜ ਬਚਨ ਦੁਹਰਾਏ ਹਨ ਕਿ ਸਮੇਂ ਦੇ ਗੁਰ-ਜੋਤਿ ਸ੍ਰੀ ਕ੍ਰਿਸ਼ਨ ਜੀ ਨੇ ਉਨ੍ਹਾਂ ਦੀਨਾਂ ਤੇ ਦਇਆ ਕੀਤੀ ਅਤੇ ਬਿਦਰ ਦੇ ਘਰ ਆ ਗਏ। ਸੁਦਾਮਾ ਨੇ ਵੀ ਉਨ੍ਹਾਂ ਤੇ ਭਾਵਨਾ ਧਾਰੀ ਤਾਂ ਉਸ ਦਾ ਵੀ ਦਲਿਦਰ ਭੰਨ ਕੇ ਸਭ ਕੁਝ, ਚਾਰ ਪਦਾਰਥ ਸੌਂਪ ਦਿਤੇ ਅਤੇ ਸੁਦਾਮਾ ਸ੍ਰੀ ਕ੍ਰਿਸ਼ਨ ਜੀ ਵਿਚ ਹੀ ਸਮਾ ਗਿਆ - 'ਦੀਨਾ ਦੀਨ ਦਇਆਲ ਭਏ ਹੈ ਜਿਉ ਕ੍ਰਿਸਨੁ ਬਿਦਰ ਘਰਿ ਆਇਆ॥ ਮਿਲਿਓ ਸੁਦਾਮਾ ਭਾਵਨੀ ਧਾਰਿ ਸਭੁ ਕਿਛੁ ਆਗੈ ਦਾਲਦੁ ਭੰਜਿ ਸਮਾਇਆ॥', ਅੰਕ ੧੧੯੧.

**ਜਪ ਹੀਨ ਤਪ ਹੀਨ ਕੁਲ ਹੀਨ ਕ੍ਰਮ ਹੀਨ ਨਾਮੇ ਕੇ ਸੁਆਮੀ ਤੇਊ ਤਰੇ ॥੨॥੧॥**

**ਅਰਥ :** ਨਾਮਦੇਵ ਦੇ ਸੁਆਮੀ ਗੁਰ-ਜੋਤਿ ਨੇ ਉਹ ਸਭ ਤਾਰ ਦਿਤੇ ਜੋ ਉਨ੍ਹਾਂ ਦੀ ਸ਼ਰਣ ਵਿਚ ਆ ਗਏ ਤੇ ਉਨ੍ਹਾਂ ਤੇ ਭਾਵਨਾ ਧਾਰ ਕੇ ਉਨ੍ਹਾਂ ਦਾ ਨਾਮ ਜਪਿਆ, ਭਾਵੇਂ ਉਹ ਜਪਹੀਨ ਸਨ, ਭਾਵੇਂ ਤਪਹੀਨ ਸਨ, ਭਾਵੇਂ ਉਚੀ ਕੁਲ ਤੋਂ ਹੀਨ ਸਨ, ਭਾਵੇਂ ਚੰਗੇ ਕਰਮਾਂ ਵਾਲੇ ਵੀ ਨਹੀਂ ਸਨ। ਉਨ੍ਹਾਂ ਦਾ ਕੋਈ ਗੁਣ ਅਵਗੁਣ ਨਹੀਂ ਵੀਚਾਰਿਆ।੨।੧।

ਇਹ ਬਚਨ ਕਰ ਕੇ ਹੋਰਨਾਂ ਉਨ੍ਹਾਂ ਜਨਾਂ ਵਲ ਵੀ ਭਗਤ ਜੀ ਨੇ ਇਸ਼ਾਰਾ ਕਰ ਦਿਤਾ ਜਿਨ੍ਹਾਂ ਨੇ ਸਾਧੂ ਸੰਗਤਿ ਕੀਤੀ, ਭਾਵਨਾ ਧਾਰੀ ਅਤੇ ਨਾਮ ਜਪਿਆ। ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਨੇ ਵੀ ਅਜਿਹੇ ਬਚਨ ਕੀਤੇ ਹਨ। ਅਜਾਮਲ ਅਤੇ ਹਾਥੀ ਦੀਆਂ ਮਿਸਾਲਾਂ ਦਿਤੀਆਂ ਹਨ। ਉਸ ਹਾਥੀ ਵਿਚ ਕੋਈ ਗੁਣ ਨਹੀਂ ਸੀ, ਕੋਈ ਧਰਮ ਦੀ ਵਿਦਿਆ ਨਹੀਂ ਸੀ, ਫ਼ਿਰ ਵੀ ਉਸ 'ਰਾਮ' ਦਾ ਬਿਰਦ ਹੈ ਕਿ ਅਜਿਹਿਆਂ ਨੂੰ ਵੀ, ਜਿਨ੍ਹਾਂ ਨੇ ਉਸ ਪ੍ਰਭੂ/ਗੁਰ-ਜੋਤਿ ਯਾਦ ਕੀਤਾ, ਜਮਾਂ ਦੇ ਭੈ ਤੋਂ ਮੁਕਤ ਕਰ ਦਿਤਾ - 'ਨਾਹਿਨ ਗੁਨੁ ਨਾਹਿਨ ਕਛੁ ਬਿਦਿਆ ਧਰਮੁ ਕਉਨੁ ਗਜਿ ਕੀਨਾ॥ ਨਾਨਕ ਬਿਰਦੁ ਰਾਮ ਕਾ ਦੇਖਹੁ ਅਭੈ ਦਾਨੁ ਤਿਹ ਦੀਨਾ॥', ਅੰਕ ੯੦੧. ਸਮੇਂ ਸਮੇਂ ਤੇ ਗੁਰ-ਜੋਤਿ ਵਲੋਂ ਇਨ੍ਹਾਂ ਕਈਆਂ ਦੇ ਹੋਏ ਉਧਾਰ ਦਾ ਹਵਾਲਾ ਦੇ ਕੇ, ਭੱਟ ਨਲ ਜੀ ਨੇ

ਗੁਰ-ਜੋਤਿ, ਚੌਥੇ ਨਾਨਕ ਨੂੰ ਬੇਨਤੀ ਕੀਤੀ ਹੈ ਕਿ ਜਿਵੇਂ ਪਿਛਲੇ ਜੁਗਾਂ ਵਿਚ ਤੁਸੀਂ ਭਗਤ ਪ੍ਰਹਿਲਾਦ, ਦ੍ਰੋਪਦੀ, ਸੁਦਾਮਾ ਅਤੇ ਗਨਿਕਾ ਆਦਿ ਦਾ ਉਧਾਰ ਕੀਤਾ ਸੀ, ਹੁਣ ਆਪਣੇ ਭਗਤਾਂ ਤੇ ਪ੍ਰਸੰਨ ਹੋ ਕੇ ਕਲਿਜੁਗ ਵਿਚ ਆਏ ਹੋ ਤਾਂ ਇਸ ਦਾਸ ਭੱਟ ਦੀ ਵੀ ਲਾਜ ਰਖ ਲਓ - '....ਸ੍ਰੀ ਸਤਿਗੁਰ ਸੁਪ੍ਰਸੰਨ ਕਲਿਜੁਗ ਹੋਇ ਰਾਖਹੁ ਦਾਸ ਭਾਟ ਕੀ ਲਾਜ॥', ਅੰਕ ੧੪੦੦.

ਸਪੱਸ਼ਟ ਹੈ ਕਿ ਇਹ ਫ਼ਾਲਤੂ ਕਹਾਣੀਆਂ ਨਹੀਂ, ਸਚ ਦੀਆਂ ਕਥਾਵਾਂ ਹਨ ਕਿਉਂਕਿ ਸਚੇ ਦੇ ਮੁਖੋਂ ਉਚਾਰਣ ਹੋਈਆਂ ਹਨ। ਗੁਰੂ ਸਾਹਿਬਾਨ ਕਹਾਣੀਆਂ ਸੁਣਾਉਣ ਨਹੀਂ ਸਨ ਆਏ, ਉਨ੍ਹਾਂ ਨੇ ਸਭ ਸਤਿ ਹੀ ਭਾਖਿਆ। ਜਿਵੇਂ ਦਸਮ ਪਿਤਾ ਦਾ ਵਾਕ ਹੈ - 'ਕਹਿਯੋ ਪ੍ਰਭੂ ਸੁ ਭਾਖਿ ਹੌਂ॥'

ਗੁਰੂ ਗ੍ਰੰਥ ਸਾਹਿਬ ਦੇ ਇਸ ਸ਼ਬਦ ਵਿਚ **ਮਹਾਪੁਰਖਾਂ ਦੀ ਸੰਗਤਿ**, ਉਨ੍ਹਾਂ ਤੇ ਧਾਰੀ ਭਾਵਨਾ ਅਤੇ ਉਨ੍ਹਾਂ ਦੇ ਬਚਨਾਂ ਤੇ **ਕਿਰਪਾ** ਨਾਲ ਕੀਤਾ, ਭੋਲੇ ਭਾਇ **ਸਿਮਰਨ** ਜਾਂ ਯਾਦ ਹੀ ਮੁਕਤੀ ਦਾ ਦੁਆਰ ਦਸੇ ਗਏ ਹਨ। ਉਪਰੋਕਤ ਸਭ ਅਤੇ ਹੋਰ ਅਨੇਕ ਹਸਤੀਆਂ ਨੇ, ਕਿਸੇ ਨਾ ਕਿਸੇ ਮਹਾਤਮਾ ਦੀ ਪ੍ਰੇਰਨਾ ਅਤੇ ਕਿਰਪਾ ਨਾਲ ਹੀ ਨਾਮ ਜਪਿਆ। ਸੋ ਸਪੱਸ਼ਟ ਹੋਇਆ ਹੈ ਕਿ ਸਿਮਰਨ ਰਾਹੀਂ, ਪ੍ਰਭੂ ਦੇ ਦੁਆਰੇ ਤੇ ਪੁਜਣ ਦੇ ਅਮਲ ਦੀ **ਕੁੰਜੀ**, ਪ੍ਰਭੂ ਨੇ **ਸੰਤ ਜਨਾਂ ਦੇ ਹਥ** ਹੀ ਰਖੀ ਹੈ। ਇਸੇ ਲਈ ਪੰਜਵੇਂ ਨਾਨਕ ਦੇ ਬਚਨ ਹਨ - 'ਅਨਹਦ ਬਾਣੀ ਪੂੰਜੀ॥ ਸੰਤਨ ਹਥਿ ਰਾਖੀ ਕੂੰਜੀ॥', ਅੰਕ ੮੯੩.

ਗੁਰੂ ਗ੍ਰੰਥ ਸਾਹਿਬ ਦੇ ਉਪਦੇਸ਼ ਤੇ ਕੀਤਾ ਇੰਨ-ਬਿੰਨ ਅਮਲ ਹੀ ਗੁਰੂ ਗ੍ਰੰਥ ਸਾਹਿਬ ਨੂੰ ਅਸਲੋਂ ਗੁਰੂ ਮੰਨਣਾ ਅਤੇ ਮਥਾ ਟੇਕਣਾ ਹੈ। ਸ੍ਰੀ ਗੁਰੂ ਨਾਨਕ ਸਾਹਿਬ ਦੇ ਬਚਨ ਹਨ ਕਿ ਜੋ ਗੁਰੂ ਆਖੇ ਉਹੀ ਕੰਮ ਕਰਨਾ ਚਾਹੀਦਾ ਹੈ - 'ਸਤਿਗੁਰੁ ਆਖੈ ਕਾਰ ਸੁ ਕਾਰ ਕਮਾਈਐ॥', ਅੰਕ ੧੪੫, - 'ਹਉ ਗੁਰ ਪੂਛਉ ਆਪਣੇ ਗੁਰ ਪੁਛਿ ਕਾਰ ਕਮਾਉ॥', ਅੰਕ ੫੮.